ਨਾਵਲ

ਪ੍ਰੇਮ-ਪਿਆਸੇ

ਸੁਸ਼ੀਲਾ 'ਮਮਕ'

ਬੇਕਲ ਬੁਕ ਏਜੰਸੀ
ਚੌਕ ਬਾਬਾ ਸਾਹਿਬ, ਅੰਮ੍ਰਿਤਸਰ

ਸਭ ਹੱਕ ਰਾਖਵੇਂ ਹਨ

ਪ੍ਰਕਾਸ਼ਕ:—ਜੇ. ਡੀ. ਮਸਤਾਨਾ
ਮੈਨੇਜਰ ਬੇਕਲ ਬੁਕ ਏਜੰਸੀ,
ਅੰਮ੍ਰਿਤਸਰ.

ਮੰਦਰ ਪ੍ਰੇ
29536

ਪਹਿਲੀ ਵਾਰ ੨੨ ਨਵੰਬਰ ੧੯੪੩
ਮੋਖ ੧)

ਇਸ ਪੁਸਤਕ ਲਈ ਚਾਰ ਰਿਮ ਕਾਗ਼ਜ਼ ਲਾ: ਬੰਸੀਧਰ ਕਪੂਰ ਐਂਡ ਸਨਜ਼, ਗੁਰੂ ਬਾਜ਼ਾਰ, ਅੰਮ੍ਰਿਤਸਰ ਨੇ ਕੰਟਰੋਲ ਰੇਟ ਤੇ ਦਿਤਾ। ਧੰਨੇਵਾਦ !

ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ, ਕਟੜਾ ਜਲ੍ਹਿਆਂ ਵਾਲਾ, ਅੰਮ੍ਰਿਤਸਰ ਵਿਚ ਸ਼੍ਰ: ਜਮੀਅਤ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪੇ।

ਕੁਝ ਮੇਰੇ ਵਲੋਂ

ਮੈਂ ਆਪਣਾ ਇਹ ਪਹਿਲਾ ਨਾਵਲ ਬੜੀ ਰੀਝ ਨਾਲ ਪੰਜਾਬੀ ਪਾਠਕਾਂ ਦੀ ਭੇਟ ਕਰ ਰਹੀ ਹਾਂ। ਇਹ ਠੀਕ ਹੈ ਕਿ ਇਹ ਮੇਰਾ ਪਹਿਲਾ ਨਾਵਲ ਹੈ, ਪਰ ਮੈਂ ਇਸ ਵਿਚ ਜਤਨ ਕੀਤਾ ਹੈ ਕਿ ਸਾਦੀ ਤੇ ਠੇਠ ਪੰਜਾਬੀ ਬੋਲੀ ਵਿਚ ਇਕ ਆਮ ਪ੍ਰਚਲਤ ਸਮਾਜਕ ਕਮਜ਼ੋਰੀ ਨੂੰ ਪਾਠਕਾਂ ਦੇ ਸਾਹਮਣੇ ਲਿਆਵਾਂ। ਇਸ ਦੇ ਨਾਲ ਹੀ ਮੇਰੀ ਪੂਰੀ ਕੋਸ਼ਸ਼ ਰਹੀ ਹੈ ਕਿ ਇਸ ਨਾਵਲ ਵਿਚ ਨੌਜਵਾਨਾਂ ਦੇ ਦਿਲੀ ਵਲਵਲੇ ਤੇ ਪਿਆਰ ਦੇ ਰਸਤੇ ਵਿਚ ਪਾਈਆਂ ਜਾ ਰਹੀਆਂ ਓਪਰੀਆਂ ਰੁਕਾਵਟਾਂ ਦੇ ਬੁਰੇ ਨਤੀਜੇ ਤੇ ਮਨੁਖੀ ਸੁਭਾ ਦੀ ਕਿਵ਼ਫ਼ਾਈ ਭੀ ਪਾਠਕਾਂ ਦੇ ਸਾਹਮਣੇ ਆ ਜਾਵੇ।

ਨਾਵਲ ਨੂੰ ਵਧੇਰੇ ਰਸਦਾਇਕ ਤੇ ਅਸਰ ਵਾਲਾ ਬਣਾਉਣ ਲਈ ਮੈਂ ਵਧੇਰੇ ਨਾਟਕੀ ਤੇ ਗੱਲ ਬਾਤੀ ਤਰੀਕਾ ਵਰਤਿਆ ਹੈ ਤੇ ਕਿਤੇ ਕਿਤੇ ਲੋੜ ਅਨੁਸਾਰ ਚਿਠੀਆਂ ਦੀ ਵਰਤੋਂ ਵੀ ਕੀਤੀ ਹੈ।

ਪੂਰਾ ਜਤਨ ਜੀਵਨ, ਜਿੱਦਾਂ ਦਾ ਇਹ ਹੈ, ਪੇਸ਼ ਕਰਨ ਦਾ ਹੈ। ਮੈਂ ਮੰਨਦੀ ਹਾਂ ਕਿ ਮੈਂ ਇਸ ਵਿਚ ਕਿਸੇ ਆਦਰਸ਼ਕ ਨਮੂਨੇ ਨੂੰ ਨਹੀਂ ਪੇਸ਼ ਕੀਤਾ ਤੇ ਨਾ ਹੀ ਕੋਈ ਲੰਮਾ ਚੌੜਾ ਪ੍ਰਚਾਰ ਕੀਤਾ ਹੈ। ਹਾਂ, 'ਕੁਮਾਰ' ਦਾ ਭਰਾ-ਪੁਣਾ ਤੇ 'ਸੁਨੀਤ' ਦਾ ਸਚਾਈ ਪੁਣਾ ਜ਼ਰੂਰ ਸ਼ਲਾਘਾ ਯੋਗ ਹੈ।

ਮੈਂ ਆਸ ਰੱਖਦੀ ਹਾਂ ਕਿ ਪਾਠਕ ਮਰੀ ਇਸ ਚੀਜ਼ ਦੀ ਕਦਰ ਕਰ ਕੇ ਮੇਰਾ ਹੌਂਸਲਾ ਵਧਾਉਣਗੇ, ਤਾਂਜੁ ਮੈਂ ਪੰਜਾਬੀ ਦੀ ਹੋਰ ਸੇਵਾ ਕਰ ਸਕਾਂ।

ਦਿੱਲੀ,
੧—੧੧—੪੩

ਐਸ. ਕੇ. 'ਮਮਕ'
ਗਿਆਨੀ

ਧੰਨਵਾਦ

ਮੈਂ ਇਹ ਪੁਸਤਕ ਭੇਟਾ ਕਰਦੀ ਹੋਈ ਆਪਣੇ ਵੀਰ ਉਸਤਾਦ ਸ: ਸ: 'ਅਮੋਲ' ਜੀ ਦਾ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਆਪਣਾ ਕੀਮਤੀ ਵਕਤ ਦੇ ਕੇ ਇਸ ਨਾਵਲ ਦੀ ਬੋਲੀ ਨੂੰ ਸੋਧਿਆ। ਇਸ ਵਿਚ ਕਾਂਡਾਂ ਦੀ ਵੰਡ ਕੀਤੀ ਤੇ ਇਸ ਵਿਚ ਹੋਰ ਬਹੁਤ ਸਾਰੀ ਖੇਚਲ ਕਰ ਕੇ ਇਸ ਨੂੰ ਛਾਪਣ ਯੋਗ ਬਣਾਇਆ। ਉਨ੍ਹਾਂ ਦੀ ਇਸ ਖੇਚਲ ਦਾ ਭਾਰ ਬਹੁਤਾ ਮੇਰੇ ਮਨ ਤੇ ਇਸ ਕਰ ਕੇ ਭੀ ਹੈ ਕਿ ਭਾਵੇਂ ਮੈਨੂੰ ਕਦੇ ਭੀ ਉਨ੍ਹਾਂ ਦੇ ਦਰਸ਼ਨ ਕਰਨ ਦਾ ਮਾਣ ਪ੍ਰਾਪਤ ਨਹੀਂ ਹੋਇਆ ਤਾਂ ਭੀ ਮੈਨੂੰ ਬਹੁਤ ਸਾਰਾ ਹੌਸਲਾ ਦਿੱਤਾ ਤੇ ਮੇਰੀ ਪ੍ਰਦੇਸ ਵਿਚ ਬੈਠੀ ਦੀ ਸਹਾਇਤਾ ਕੀਤੀ।

ਦੂਜਾ ਧੰਨਵਾਦ ਬੇਕਲ ਬੁਕ ਏਜੰਸੀ ਦੇ ਪ੍ਰਬੰਧਕਾਂ ਦਾ ਹੈ, ਜਿਨ੍ਹਾਂ ਨੇ ਮੇਰੀ ਪਹਿਲੀ ਕਿਤਾਬ ਨੂੰ ਕਾਗਜ਼ ਦੀ ਅਤੀ ਤੰਗੀ ਹੋਣ ਦੇ ਬਾਵਜੂਦ ਭੀ ਪਬਲਿਕ ਦੇ ਮਾਹਮਣੇ ਲਿਆਉਣ ਦਾ ਹੌਸਲਾ ਕੀਤਾ।

ਦਿੱਲੀ,
੧–੧੧–੪੩

ਐਸ. ਕੇ. 'ਮਮਕ'

੧. ਡਾਕਖਾਨਾ

ਨਿਰਮਲ ਅਧਖੜ ਉਮਰ ਦਾ ਇਕ ਜੈਂਟਲਮੈਨ ਜਿਸ ਤੇ ਸਾਦਗੀ ਅਤੇ ਈਸ਼ਵਰ ਭਰਤੀ ਦੀ ਝਲਕ ਸੀ, ਦਫਤਰ ਵਿਚ ਬੈਠਾ ਕੰਮ ਕਰ ਰਿਹਾ ਸੀ।

ਨਿਰਮਲ–(ਪੋਸਟ ਮੈਨ ਨੂੰ) ਸੂਰਤ ਰਾਮ, ਜਲਦੀ ਆਪਣਾ ਕੰਮ ਖਤਮ ਕਰ। ਵਕਤ ਪੂਰਾ ਹੋ ਚੁਕਾ ਏ। ਹਰੀਜਸ ਨੂੰ ਆਖ ਕਿ ਜਲਦੀ ਤਾਕੀ ਬੰਦ ਕਰੇ। ਮੈਂ ਤਾਂ ਸਾਢੇ ਪੰਜ ਵਜੇ ਪਾਰਟੀ ਤੇ ਜਾਣਾ ਹੈ।

ਸੂਰਤ ਰਾਮ–ਬਹੁਤ ਅੱਛਾ, ਜਨਾਬ !

ਸੂਰਤ ਰਾਮ–(ਹਰੀ ਜਸ ਨੂੰ ਜਾ ਕੇ ਆਖਦਾ ਹੈ) ਬਾਬੂ ਜੀ ! ਸਾਹਿਬ ਦਾ ਹੁਕਮ ਹੋਇਆ ਹੈ ਕਿ ਰਜਿਸਟਰੀਆਂ ਲੈਣੀਆਂ ਬੰਦ ਕਰ ਦੇਵੋ, ਕਿਉਂਕਿ ੩ ਵਜ ਗਏ ਹਨ ਤੇ ਬਾਕੀ ਕੰਮ ਜਲਦੀ ਖਤਮ ਕਰੋ।

ਹ: ਜ:–ਸਭ ਕੰਮ ਬਿਲਕੁਲ ਠੀਕ ਅਤੇ ਜਲਦੀ ਹੋ ਜਾਵੇਗਾ।

ਇਹ ਲਫ਼ਜ਼ ਉਸ ਨੇ ਸਹਿਜ ਸੁਭਾ ਨਹੀਂ ਸਨ ਕਹੇ, ਸਗੋਂ ਕਿਸੇ ਖੁਸ਼ੀ ਅੰਦਰ ਆ ਕੇ ਉਸ ਪਾਸੋਂ ਬਦੋ ਬਦੀ ਕਹੇ ਗਏ ਸਨ।

ਸੂਰਤ ਰਾਮ ਇਹੀ ਜਵਾਬ ਪੋਸਟ ਮਾਸਟਰ ਨੂੰ ਜਾ ਕੇ ਦੇ ਦਿੰਦਾ ਹੈ, ਜਿਸ ਨਾਲ ਉਹ ਚੁੱਪ ਹੋ ਜਾਂਦਾ ਹੈ। ਥੋੜੀ ਦੇਰ ਬਾਦ ਘੜੀ ੪ ਵਜਾਉਂਦੀ ਹੈ ਤੇ ਸਭ ਘੜੀ ਵਲ ਵੇਖਦੇ ਹਨ।

ਹ: ਜ:–(ਪੋਸਟ ਮਾਸਟਰ ਨੂੰ) ਬਾਬੂ ਜੀ, ਬਸ ਸਾਰਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.